# ਪਲੈਨਿੰਗ

(ਪਰਦਾ ਖੁਲ੍ਹਣ ਤੇ ਇਕ ਦਰਮਿਆਨੇ ਦਰਜੇ ਦੇ ਘਰ ਦਾ ਕਮਰਾ। ਦੋ ਕੁਰਸੀਆਂ ਹਨ, ਇਕ ਮੇਜ਼ ਹੈ। ਪਰਦਾ ਖੁਲ੍ਹਣ 'ਤੇ ਪਤੀ ਇਧਰ ਉਧਰ ਕੁਝ ਲੱਭ ਰਿਹਾ ਹੈ। ਬੜਾ ਪਰੇਸ਼ਾਨ ਨਜ਼ਰ ਆ ਰਿਹਾ ਹੈ।)

ਪਤੀ : (ਉੱਚੀ ਆਵਾਜ਼ ਦੇ ਕੇ) ਏ ਭੋਲੇ ਦੀ ਬੀਬੀ, ਏ ਭੋਲੇ ਦੀ ਬੀਬੀ… ਹੈ ਕੋਈ ਇਥੇ ਜਿਹੜਾ ਮੇਰੀ ਸੁਣੇ।

ਪਤਨੀ : (ਆਉਂਦੇ ਹੋਏ) ਕੀ ਗੱਲ ਏ, ਕਿਉਂ ਘਰ ਸਿਰ 'ਤੇ ਚੁੱਕਿਆ ਏ ?

ਪਤੀ : ਘਰ ਸਿਰ 'ਤੇ ਨਾ ਚੁੱਕਾਂ ਤਾਂ ਹੋਰ ਪੈਰਾਂ 'ਤੇ ਚੁੱਕਾਂ ? ਕਿੰਨੀ ਵਾਰੀ ਕਿਹਾ ਏ ਕਿ ਮੇਰੇ ਕੰਮ ਦੀ ਚੀਜ਼ ਕੋਈ ਨਾ ਛੇੜਿਆ ਕਰੋ – (ਫੇਰ ਏਧਰ ਉਧਰ ਲੱਭਣ ਲੱਗ ਪੈਂਦਾ ਹੈ।)

ਪਤਨੀ : ਪਰ ਪਤਾ ਤਾਂ ਲੱਗੇ, ਤੁਹਾਡਾ ਗੁੰਮ ਕੀ ਗਿਆ ਏ ?

ਪਤੀ : ਇਥੇ ਪਿਆ ਕੀ ਏ ? ਨਾ ਲਾਲ ਵਾਲੀ ਪੈਨਸਲ, ਨਾ ਫੁੱਟਾ।

ਪਤਨੀ : ਭੋਲਾ ਕਿਧਰੇ ਰੱਖ ਗਿਆ ਹੋਣਾ ਏ।

ਪਤੀ : ਤੂੰ ਤੇ ਪੋਲੇ ਜਿਹੇ ਮੂੰਹ ਨਾਲ ਕਹਿ ਦਿੱਤਾ ਕਿ ਭੋਲਾ ਰੱਖ ਗਿਆ ਹੋਣਾ ਏ–ਇਥੇ ਆਪਣਾ ਭੱਠਾ ਬਹਿ ਗਿਆ ਏ।

ਪਤਨੀ : ਪਰ ਪਤਾ ਤਾਂ ਲੱਗੇ, ਇਸ ਲਾਲ ਵਾਲੀ ਪੈਨਸਲ ਨਾਲ ਕਿਹੜਾ ਨਵਾਂ ਤੀਰ ਮਾਰਨ ਲੱਗੇ ਹੋ ?

ਪਤੀ : ਇਹ ਲਾਲ ਵਾਲੀ ਪੈਨਸਲ ਨਾਲ ਅਸੀਂ ਕਰਾਂਗੇ ਪਲੈਨਿੰਗ। ਪਰ ਤੂੰ ਨਹੀਂ ਸਮਝੇਂਗੀ। ਤੇਰੇ ਪਿਓ ਦਾਦੇ ਨੇ ਕਦੀ ਕੀਤੀ ਹੋਵੇ ਤਾਂ ਤੂੰ ਸਮਝੇਂ।

ਪਤਨੀ : ਮੇਰੇ ਪਿਓ ਦਾਦੇ ਨੂੰ ਕੀ ਲੋੜ ਸੀ ਕਿ ਇਹ ਕੋਹੜੇ ਕੰਮ ਕਰਦੇ।

ਪਤੀ : ਇਹ ਕੋਹੜੇ ਕੰਮ ਨੇ ? ਦੁਨੀਆ ਦੀਆਂ ਸਰਕਾਰਾਂ ਇਸੇ ਕੰਮ 'ਤੇ ਚਲਦੀਆਂ ਪਈਆਂ ਨੇ–ਪਰ ਉਹ ਭੋਲੇ ਦਾ ਬੱਚਾ ਗਿਆ ਕਿਥੇ ਏ ?

ਪਤਨੀ : ਗਿਆ ਏ ਗਵਾਂਢੀਆਂ ਦੇ ਘਰ ਖੇਡਣ।

ਪਤੀ : ਗਵਾਂਢੀਆਂ ਦੇ ਘਰ ਗਾਂਧੀ ਗਰਾਊਂਡ ਏ ? ਉਹ ਘਰ ਨਹੀਂ ਖੇਡ ਸਕਦਾ ?

ਪਤਨੀ : ਪਰ ਕਿਥੇ ਖੇਡੇ ? ਕਿੰਨੀ ਵਾਰ ਕਿਹਾ ਏ ਕਿ ਔਹ ਕਮਰਾ ਕਿਰਾਏ 'ਤੇ ਨਾ ਦਿਓ, ਪਰ ਮੇਰੀ ਕੌਣ ਸੁਣਦਾ ਏ ?

ਪਤੀ : ਬੋਲਦੀ ਜਾ, ਬੋਲਦੀ ਜਾ, ਕਮਰਾ ਕਿਰਾਏ 'ਤੇ ਨਾ ਦਿਓ। ਘਰ ਆਮਦਨ ਆਉਂਦੀ ਚੰਗੀ ਨਹੀਂ ਨਾ ਲੱਗਦੀ ?

ਪਤਨੀ : ਆਹੋ ਬੜੀ ਆਮਦਨ ਪਏ ਕਰਦੇ ਹੋ-ਤਿੰਨ ਸਾਲ ਹੋ ਗਏ ਨੇ, ਵਿਹਲਿਆਂ ਬੈਠਿਆਂ।

ਪਤੀ : ਭਲੀਏ ਲੋਕੇ, ਇਸੇ ਦਾ ਹੀ ਬੰਦੋਬਸਤ ਕਰਨ ਲੱਗੇ ਹਾਂ।

ਪਤਨੀ : ਪਲੈਨਿੰਗ ਕਰਕੇ ?

ਪਤੀ : ਤੇ ਹੋਰ ਕੀ ? ਪਲੈਨਿੰਗ ਕਰਦਾ ਹੀ ਉਹ ਏ ਜਿਹੜਾ ਵਿਹਲਾ ਹੋਵੇ। ਪਰ ਉਹ ਲਾਲ ਵਾਲੀ ਪੈਨਸਲ।... ..

ਪਤਨੀ : ਸਿਆਪਾ ਲਾਲ ਵਾਲੀ ਪੈਨਸਲ ਦਾ।

ਪਤੀ : ਸਿਆਪਾ ਕਿਉਂ ? ਲਾਲ ਵਾਲੀ ਪੈਨਸਲ ਨਾਲ ਖੁਲ੍ਹੇਗਾ ਇਕ ਮੁਰਗੀ ਖਾਨਾ।

ਪਤਨੀ : ਅੱਛਾ, ਤਾਂ ਲਾਲ ਵਾਲੀ ਪੈਨਸਲ ਨਾਲ ਮੁਰਗੀ ਖਾਨਾ ਖੁਲ੍ਹੇਗਾ ?

ਪਤੀ : ਨਹੀਂ ਯਤੀਮਖਾਨਾ ਖੁਲ੍ਹੇਗਾ। ਕਿਹੋ ਜਿਹੀ ਤੀਂਵੀ ਨਾਲ ਵਾਹ ਪੈ ਗਿਆ ਏ ? ਅੱਛਾ ਇਹ ਦਸ ਅੱਜ ਮੁਰਗੀਆਂ ਨੇ ਕਿੰਨੇ ਅੰਡੇ ਦਿੱਤੇ ਨੇ?

ਪਤਨੀ : (ਉਂਗਲੀਆਂ 'ਤੇ ਗਿਣ ਕੇ) ਪੰਜ ਅੰਡੇ।

ਪਤੀ : ਪੰਜ ਅੰਡੇ ...ਇਕ ਅੰਡੇ ਦੀ ਕੀਮਤ ਹੋਈ 75 ਪੈਸੇ ਮਤਲਬ ਹੋਇਆ ਕਿ ਆਮਦਨ ਹੋਈ ਤਿੰਨ ਰੁਪਏ, 75 ਪੈਸੇ, ਮੁਰਗੀਆਂ ਨੇ ਦਾਣਾ ਖਾਧਾ 2 ਰੁਪਏ ਦਾ... ਬਚਤ ਹੋਈ ਇਕ ਰੁਪੈ 75 ਪੈਸੇ ਦੀ।

ਪਤਨੀ : ਇਹ ਕਿਹੜੇ ਹਿਸਾਬਾਂ ਵਿਚ ਪੈ ਗਏ ਹੋ ?

ਪਤੀ : ਭਲੀਏ ਲੋਕੇ ਇਸ ਨੂੰ ਕਹਿੰਦੇ ਨੇ ਪਲੈਨਿੰਗ, ਅੱਜ ਦੀ ਦੁਨੀਆ ਵਿਚ ਹਰ ਇਕ ਕੰਮ ਹੁੰਦਾ ਏ ਪਲੈਨਿੰਗ ਨਾਲ-ਤੁਰੋ ਤਾਂ ਪਲੈਨਿੰਗ ਨਾਲ, ਬੈਠੋ ਤਾਂ ਪਲੈਨਿੰਗ ਨਾਲ, ਜਾਗੋ ਤਾਂ ਪਲੈਨਿੰਗ ਨਾਲ-ਇਥੋਂ ਤੱਕ ਕਿ ਬੱਚੇ ਵੀ ਜਮਾਵੋ ਤਾਂ ਪਲੈਨਿੰਗ ਨਾਲ-ਪੁਰਾਣੇ ਵਕਤਾਂ ਵਾਂਗ ਨਹੀਂ ਕਿ ਦਰਜਨ ਜੰਮ ਦੇਵੋ ਤੇ ਫੇਰ ਨਲੀਆਂ ਪੂੰਝਦੇ ਹੀ ਮਰ ਜਾਵੋ-ਪਲੈਨਿੰਗ ਦੇ ਸਿਰ 'ਤੇ ਦੁਨੀਆਂ ਕਾਇਮ ਏ, ਮੁਲਕ ਕਾਇਮ ਏ ਘਰ ਕਾਇਮ ਏ।

ਪਤਨੀ : ਦੁਨੀਆ ਭਾਵੇਂ ਕਾਇਮ ਹੋਵੇ, ਪਰ ਘਰ ਤਾਂ ਭੰਗ ਹੀ ਭੁੱਜਦੀ ਪਈ ਏ।

ਪਤੀ : ਕਿਉਂ ਇਸ ਘਰ ਵਿਚ ਕਿਸ ਚੀਜ਼ ਦੀ ਕਮੀ ਏ ? ਤੈਨੂੰ ਕਿਹੜੀ ਚੀਜ਼ ਲਿਆ ਕੇ ਨਹੀਂ ਦਿੱਤੀ ?

ਪਤਨੀ : ਕੀ ਲਿਆ ਕੇ ਦਿੱਤਾ ਜੇ, ਇਹੋ ਇਕ ਸੂਟ ਏ, ਜੇ ਕਿਸੇ ਨੂੰ ਵਧਾਈ

ਦੇਣ ਜਾਣਾ ਹੋਏ ਤਾਂ ਇਹੋ ਪਾ ਕੇ ਜਾਓ, ਜੇ ਕਿਸੇ ਦੇ ਸਿਆਪੇ ਜਾਣਾ ਹੋਵੇ ਤਾਂ ਇਹੋ ਪਾ ਕੇ ਜਾਓ, ਤੇ ਇਹ ਵੀ ਜੀਉਂਦਾ ਰਹੇ ਮੇਰਾ ਭਰਾ ਜਿਹੜਾ ਲੈ ਕੇ ਦੇ ਗਿਆ ਏ।

ਪਤੀ : ਤੇਰਾ ਭਰਾ ਵੱਖਰਾ ਏ, ਮੇਰਾ ਸਾਲਾ ਨਹੀਂ – ਤੇ ਜਿਹੜਾ ਹੁਣ ਮੈਂ ਮੁਰਗੀ ਖਾਨਾ ਖੋਲ੍ਹ ਰਿਹਾ ਹਾਂ, ਇਹ ਘਰ ਦੇ ਸਾਰੇ ਦਲਿਦਰ ਦੂਰ ਕਰ ਦੇਵੇਗਾ।

ਪਤਨੀ : ਹਾਲੀ ਤੇ ਦਲਿਦਰ ਹੋਰ ਹੀ ਪੈ ਰਿਹਾ ਏ।

ਪਤੀ : ਤੇ ਇਹ ਮੁਰਗੀ ਖਾਨਾ ਮੰਗਦਾ ਹੈ ਪਲੈਨਿੰਗ, ਇਹ ਤੇਰੇ ਚੁਲ੍ਹੇ ਚੌਂਕੇ ਵਾਲਾ ਕੰਮ ਨਹੀਂ ਕਿ ਆਟਾ ਗੁੰਨਿਆ ਤੇ ਰੋਟੀਆਂ ਥੱਪ ਦਿੱਤੀਆਂ।

ਪਤਨੀ : ਜੇ ਮੇਰਾ ਚੁੱਲ੍ਹਾ ਚੌਂਕਾ ਤੁਹਾਡੀ ਪਲੈਨਿੰਗ 'ਤੇ ਖਲੋਤਾ ਹੁੰਦਾ ਤਾਂ ਕਦੋਂ ਦਾ ਠੱਪ ਹੋ ਗਿਆ ਹੁੰਦਾ।

ਪਤੀ : ਹਾਂ ਠੱਪ ਹੋ ਗਿਆ ਹੁੰਦਾ, ਜਿਸ ਤਰ੍ਹਾਂ ਤੇਰਾ ਹੀ ਰਾਜ ਏ।

*(ਬਾਹਰੋਂ ਆਵਾਜ਼ ਆਉਂਦੀ ਹੈ–)*

ਆਵਾਜ਼ : ਸਰਦਾਰ ਜੀ ਘਰੇ ਹੀ ਹੋ ?

ਪਤਨੀ : ਲਓ, ਆ ਗਏ ਜੇ ਤੁਹਾਡੇ ਯਾਰ।

ਪਤੀ : ਯਾਰ ਮੇਰੇ ਆ ਗਏ ਨੇ–ਤੇਰੇ ਤੇ ਨਹੀਂ ਆਏ ? ਮੇਰਾ ਇਕ ਯਾਰ ਆ ਜਾਏ ਤਾਂ ਸੜ ਬਲ ਜਾਂਦੀ ਏਂ–ਤੇਰੀ ਕੋਈ ਸਹੇਲੀ ਆਏ ਮੈਂ ਕਦੀ ਕੁਝ ਕਿਹਾ ਏ। ਸਗੋਂ ਉਹਦੇ ਨਾਲ ਬੈਠਕੇ ਚਾਹ ਪੀਂਦਾ ਹਾਂ। ਲੰਘ ਆਓ, ਮਹਿਤਾ ਜੀ।

*(ਦੋਸਤ ਇਕ ਪਾਸੇ ਤੋਂ ਆਉਂਦਾ ਹੈ। ਪਤਨੀ ਦੂਜੇ ਪਾਸੇ ਤੋਂ ਬਾਹਰ ਚਲੀ ਜਾਂਦੀ ਹੈ।)*

ਦੋਸਤ : ਕੀ ਗੱਲ ਏ ਸਰਦਾਰ ਜੀ, ਅੱਜ ਭਾਬੀ ਨਾਲ ਬੜੀਆਂ ਮਿੱਠੀਆਂ ਮਿੱਠੀਆਂ ਗੱਲਾਂ ਹੋ ਰਹੀਆਂ ਸਨ।

ਪਤੀ : ਤੁਸੀਂ ਇਸ ਨੂੰ ਮਿੱਠੀਆਂ ਕਹਿੰਦੇ ਹੋ ? ਉਹ ਮੇਰੇ ਸਿਰ ਦੇ ਵਾਲਾਂ ਨੂੰ ਪਈ ਆਉਂਦੀ ਏ–ਤੇ ਤੁਸੀਂ ਮਿੱਠੀਆਂ ਕਹਿੰਦੇ ਹੋ ?

ਦੋਸਤ : ਪਰ ਪਤਾ ਤਾਂ ਲੱਗੇ ਗੱਲ ਕੀ ਹੋ ਰਹੀ ਸੀ ?

ਪਤੀ : ਮੈਂ ਤੁਹਾਡੀ ਭਾਬੀ ਨੂੰ ਪਲੈਨਿੰਗ ਦੇ ਫਾਇਦੇ ਸਮਝਾ ਰਿਹਾ ਸਾਂ ਤੁਸੀਂ ਹੀ ਦਸੋ ਕਿ ਅੱਜ ਦੀ ਦੁਨੀਆ ਵਿਚ ਕੋਈ ਕੰਮ ਪਲੈਨਿੰਗ ਬਿਨਾਂ ਸਿਰੇ ਚੜ੍ਹ ਸਕਦਾ ਏ ?

ਦੋਸਤ : ਪਲੈਨਿੰਗ ਦੇ ਨਾਲ ਨਹੀਂ ਸਿਰੇ ਚੜ੍ਹ ਰਿਹਾ, ਪਲੈਨਿੰਗ ਤੋਂ ਬਿਨਾਂ ਕਿਸ ਤਰ੍ਹਾਂ ਚੜ੍ਹਨਾ ਏ ?

ਪਤੀ : ਬਸ ਇਹੋ ਗੱਲ ਮੈਂ ਤੁਹਾਡੀ ਭਾਬੀ ਨੂੰ ਸਮਝਾ ਰਿਹਾ ਸਾਂ, ਪਰ ਉਹ

ਸਮਝਦੀ ਹੀ ਨਹੀਂ।

ਦੋਸਤ : ਤੁਸੀਂ ਸਾਨੂੰ ਬੁਲਾ ਲਿਆ ਕਰੋ, ਅਸੀਂ ਸਮਝਾ ਦਿਆ ਕਰਾਂਗੇ।

ਪਤੀ : ਕਿਉਂ ਮੈਂ ਮਰ ਗਿਆ ਹਾਂ ਜੋ ਤੁਹਾਨੂੰ ਬੁਲਾ ਲਿਆ ਕਰਾਂ-ਤਸੀਂ ਪਹਿਲੇ ਆਪਣੀ ਨੂੰ ਤਾਂ ਸਮਝਾ ਕੇ ਰੱਖੋ।

ਦੋਸਤ : ਤੁਸੀਂ ਤਾਂ ਨਾਰਾਜ਼ ਹੋ ਗਏ ? ਪਹਿਲੇ ਇਹ ਦੱਸੋ ਕਿ ਤੁਸੀਂ ਪਲੈਨਿੰਗ ਕਰ ਕਾਹਦੀ ਰਹੇ ਹੋ ?

ਪਤੀ : ਮੁਰਗੀ ਖਾਨੇ ਦੀ-ਬਲਾਕ ਵਿਚੋਂ ਜਿਹੜੇ ਚੂਚੇ ਤੁਸੀਂ ਲਿਆ ਕੇ ਦਿੱਤੇ ਸਨ, ਉਹ ਬਣ ਗਈਆਂ ਨੇ ਹੁਣ ਮੁਰਗੀਆਂ, ਉਹ ਦੇਣਗੀਆਂ ਅੰਡੇ-ਅੰਡਿਆਂ ਤੋਂ ਅਸੀਂ ਕੱਢਵਾਵਾਂਗੇ ਚੂਚੇ-ਚੂਚੇ ਫੇਰ ਬਣਨਗੀਆਂ ਮੁਰਗੀਆਂ, ਮੁਰਗੀਆਂ ਤੋਂ ਹੋਣਗੇ ਅੰਡੇ, ਅੰਡਿਆਂ ਤੋਂ ਚੂਚੇ-ਬਸ ਇਸ ਤਰ੍ਹਾਂ ਬਣੇਗਾ ਵੱਡਾ ਸਾਰਾ ਪੋਲਟਰੀ ਫਾਰਮ-ਚੂਚੇ, ਮੁਰਗੀਆਂ, ਅੰਡੇ, ਚੂਚੇ, ਮੁਰਗੀਆਂ, ਅੰਡੇ।

ਦੋਸਤ : ਲਓ ਤੁਹਾਡੀ ਪਲੈਨਿੰਗ ਤਾਂ ਸਰਕਾਰ ਨਾਲ ਮਿਲ ਗਈ।

ਪਤੀ : ਜੀ ਸਾਡੀ ਤਾਂ ਸਾਰੀ ਸੋਚ ਹੀ ਸਰਕਾਰ ਨਾਲ ਮਿਲਦੀ ਏ, ਸਾਡੀ ਸੋਚ ਸਰਕਾਰ ਦੀ ਸੋਚ, ਸਰਕਾਰ ਦੀ ਸੋਚ, ਸਾਡੀ ਸੋਚ ਪਰ ਤੁਸੀਂ ਦਸੋ ਤੁਹਾਨੂੰ ਇਸ ਗੱਲ ਦਾ ਇਲਮ ਕਿਸ ਤਰ੍ਹਾਂ ਹੋਇਆ ਕਿ ਸਾਡੀ ਸਾਰੀ ਸੋਚ ਸਰਕਾਰ ਦੀ ਸੋਚ ਨਾਲ ਮਿਲਦੀ ਏ।

ਦੋਸਤ : ਦੇਖੋ ਸਰਕਾਰ ਸੋਚਦੀ ਏ ਕਿ ਪਹਿਲੇ ਦਰਿਆ ਤੇ ਪਾਵੋ ਬੰਨ, ਪਾਣੀ ਜਦੋਂ ਰੁਕ ਜਾਏ ਤਾਂ ਉਹਨੂੰ ਡੇਗੋ ਥੱਲੇ-ਉਥੋਂ ਪੈਦਾ ਹੋਏਗੀ ਬਿਜਲੀ-ਬਿਜਲੀ ਜਾਏਗੀ ਖਾਦ ਕਾਰਖਾਨੇ ਵਿਚ, ਉਥੋਂ ਪੈਦਾ ਹੋਏਗੀ ਖਾਦ-ਖਾਦ ਜਾਏਗੀ ਖੇਤਾਂ ਵਿਚ, ਖੇਤਾਂ ਵਿਚ ਪੈਦਾ ਹੋਏਗਾ ਅਨਾਜ, ਅਨਾਜ ਜਾਏਗਾ ਪੇਟ ਵਿਚ, ਪੇਟ ਤੋਂ ਖੇਤ। ਜਿਸ ਤਰ੍ਹਾਂ ਮੁਰਗੀ ਤੋਂ ਅੰਡੇਹ-ਅੰਡੇ ਤੋਂ ਮੁਰਗੀ-

ਪਤੀ : ਲਓ ਮੰਨ ਗਏ-ਸਾਡੀ ਪਲੈਨਿੰਗ ਵਿਚ ਤਾਂ ਉਨੀ ਵੀਹ ਦਾ ਫਰਕ ਏ, ਪਰ ਤੁਹਾਡੀ ਵਾਲੀ ਵਿਚ ਉਹ ਵੀ ਨਹੀਂ।

ਦੋਸਤ : ਪਰ ਭਾਈ ਸਾਹਿਬ, ਤੁਸੀਂ ਇਹ ਕੋਈ ਨਵੀਂ ਪਲੈਨਿੰਗ ਨਹੀਂ ਕੀਤੀ। ਸਾਡੇ ਬਾਬਾ ਜੀ ਨੇ ਵੀ ਇਕ ਵਾਰ ਇਹ ਪਲੈਨਿੰਗ ਕੀਤੀ ਸੀ।

ਪਤੀ : ਤੁਹਾਡੇ ਬਾਬਾ ਜੀ ਨੇ ਵੀ ?

ਦੋਸਤ : ਹਾਂ, ਉਹਨਾਂ ਨੇ ਵੀ ਮੁਰਗੀਆਂ ਰੱਖੀਆਂ ਸਨ, ਆਹਾ ਕਿਹਾ ਮੁਰਗੀਆਂ ਸਨ। ਲਾਲ ਲਾਲ, ਚਿੱਟੀਆਂ ਚਿੱਟੀਆਂ, ਤਿੱਤਰੀਆਂ ਮੁਰਗੀਆਂ-ਕੀ ਸ਼ਾਨ ਸੀ ਉਹਨਾਂ ਦੀ... ਤੇ ਜਨਾਬ ਅੰਡਾ ਦੇਂਦੀਆਂ ਸਨ 'ਪਾ' 'ਪਾ' ਦਾ।

ਪਤੀ : ਪਾ ਪਾ ਦਾ ?

ਦੋਸਤ : ਤੁਸੀਂ ਹੈਰਾਨ ਹੋ ਗਏ ਹੋ ?

ਪਤੀ : ਗੱਲ ਹੈਰਾਨੀ ਦੀ ਏ... ਤੁਹਾਡੀਆਂ ਕੁੱਕੜੀਆਂ ਕੀ ਖਾ ਕੇ ਪਾ ਪਾ ਦੇ ਅੰਡੇ ਦੇਂਦੀਆਂ ਸਨ ?

ਦੋਸਤ : ਖਾਣਾ ਕੀ ਸੀ ? ਬਸ ਰੂੜੀਆਂ ਦੇ ਢੇਰ 'ਤੇ ਚੁੱਗਦੀਆਂ ਰਹਿੰਦੀਆਂ ਤੇ ਅੰਡਾ ਦੇਣ ਵੇਲੇ ਘਰ ਆ ਜਾਂਦੀਆਂ।

ਪਤੀ : ਇਹਨੂੰ ਕਹਿੰਦੇ ਨੇ ਪਲੈਨਿੰਗ, ਰੂੜੀਆਂ ਦੇ ਢੇਰ ਵਿਚੋਂ ਅੰਡੇ ਪੈਦਾ ਕਰਨੇ। ਇਥੇ ਸੁਣ ਲਵੋ ਸਾਡੀਆਂ ਮੁਰਗੀਆਂ ਦਾ ਹਾਲ। ਦਾਣਾਖਾਣ ਵੇਲੇ ਘਰ ਜਦੋਂ ਅੰਡਾ ਦੇਣ ਦਾ ਵਕਤ ਹੋਵੇ ਤਾਂ ਗਵਾਂਢੀਆਂ ਦੇ ਘਰ।

ਦੋਸਤ : ਵਕਤ ਵਕਤ ਦੀਆਂ ਗੱਲਾਂ ਨੇ... ਹੁਣ ਪਹਿਲੇ ਵਕਤਾਂ ਵਾਲੀ ਵਫਾਦਾਰੀ ਕਿਥੇ ਏ ?

*(ਬੀਮਾ ਏਜੰਟ ਦਰਵਾਜ਼ੇ ਤੋਂ ਅੰਦਰ ਆ ਜਾਂਦਾ ਹੈ।)*

ਏਜੰਟ : ਜੀ ਮੈਂ ਅੰਦਰ ਆ ਸਕਦਾ ਹਾਂ ? (ਹੋਰ ਅੱਗੇ ਆ ਕੇ) ਜੀ ਮੈਂ ਬੈਠ ਸਕਦਾ ਹਾਂ ? (ਬੈਠ ਜਾਂਦਾ ਹੈ।)

ਪਤੀ : (ਹੈਰਾਨੀ ਨਾਲ ਉਹਦੇ ਵੱਲ ਵੇਖਦੇ ਹੋਏ) ਇਹਨਾਂ ਨੂੰ ਦੇਖ ਲਵੋ... ਜੀ ਮੈਂ ਅੰਦਰ ਆ ਸਕਦਾ ਹਾਂ... ਏਧਰੋਂ ਕੋਈ ਜਵਾਬ ਨਹੀਂ, ਅੰਦਰ ਆ ਗਏ ਨੇ... ਜੀ ਮੈਂ ਬੈਠ ਸਕਦਾ ਹਾਂ... ਏਧਰੋਂ ਕੋਈ ਜਵਾਬ ਨਹੀਂ... ਬੈਠ ਗਏ ਨੇ। ਦੱਸੋ ਜਨਾਬ ?

ਏਜੰਟ : ਜੀ ਮੈਂ ਨਵ ਭਾਰਤ ਬੀਮਾਂ ਕੰਪਨੀ ਦਾ ਏਜੰਟ ਹਾਂ।

ਪਤੀ : ਉਹ ਤਾਂ ਤੁਹਾਡੀ ਸ਼ਕਲ ਤੋਂ ਵੀ ਦਿਸ ਰਿਹਾ ਏ ਤੇ ਆਦਤਾਂ ਤੋਂ ਵੀ।

ਏਜੰਟ : ਜੀ ਮੈਂ ਸੁਣਿਆ ਏ ਕਿ ਤੁਸੀਂ ਕੋਈ ਮੁਰਗੀਖਾਨਾ ਖੋਲ੍ਹ ਰਹੇ ਹੋ ?

ਪਤੀ : ਖੋਲ ਰਿਹਾ ਹਾਂ, ਤੁਹਾਨੂੰ ਕੋਈ ਇਤਰਾਜ਼ ਏ ?

ਏਜੰਟ : ਜੀ ਮੇਰਾ ਮਤਲਬ ਏ ਕਿ ਮੁਰਗੀਖਾਨੇ ਵਿਚ ਮੁਰਗੀਆਂ ਤਾਂ ਹੋਣਗੀਆਂ ?

ਪਤੀ : ਨਹੀਂ ਭੈਂਸੇ ਹੋਣਗੇ, ਅਜੀਬ ਬੰਦੇ ਹੋ।

ਏਜੰਟ : ਨਹੀਂ ਮੇਰਾ ਮਤਲਬ ਏ ਕਿ ਮੁਰਗੀ ਇਕ ਐਸਾ ਜਾਨਵਰ ਏ, ਜਿਹੜਾ ਕਿਸੇ ਵੇਲੇ ਵੀ ਬਿਮਾਰ ਪੈ ਸਕਦਾ ਏ... ਤੇ ਬਿਮਾਰ ਹੋ ਕੇ...

ਪਤੀ : ਤੇ ਬਿਮਾਰ ਹੋ ਕੇ ਮਰ ਵੀ ਸਕਦਾ ਏ... ਲਓ ਦੇਖ ਲਵੋ ਹੋਰ ਆ ਗਏ ਨੇ, ਸਾਡੀਆਂ ਮੁਰਗੀਆਂ ਦਾ ਭਲਾ ਚਾਹੁਣ ਵਾਲੇ...ਪਿੰਡ ਵੱਸਿਆ ਨਹੀਂ ਤਾਂ ਉਚੱਕਿਆਂ ਦਾ ਡੇਰਾ ਪਹਿਲੇ ਹੀ ਆ ਗਿਆ ਏ।

ਏਜੰਟ : ਤੁਸੀਂ ਤਾਂ ਨਰਾਜ਼ ਹੋ ਗਏ–ਮੇਰਾ ਮਤਲਬ ਏ ਕਿ ਮੁਰਗੀ ਇਕ ਐਸਾ ਜਾਨਵਰ ਏ, ਜਿਹੜਾ ਕਿਸੇ ਵੇਲੇ ਵੀ ਬਿਮਾਰ ਪੈ ਸਕਦਾ ਏ... ਤੇ ਇਹ ਬਿਮਾਰੀ ਆਂਢ ਗੁਆਂਢ ਵੀ ਜਾ ਸਕਦੀ ਏ, ਜਿਸ ਦੇ ਨਾਲ ਤੁਹਾਡਾ ਨੁਕਸਾਨ ਹੋ ਸਕਦਾ ਏ... ਤੇ ਇਸ ਨੁਕਸਾਨ ਤੋਂ ਬਚਣ ਲਈ ਇਹ ਜ਼ਰੂਰੀ ਏ ਕਿ... ..

ਪਤੀ : ਇਹਨਾਂ ਦਾ ਬੀਮਾ ਕਰਵਾ ਦਿੱਤਾ ਜਾਏ।

ਏਜੰਟ : ਤੁਸੀਂ ਤਾਂ ਆਪ ਸਿਆਣੇ ਹੋ।

ਦੋਸਤ : ਭਾਈ ਸਾਹਿਬ ਜੀ ਹੁਣ ਮੁਰਗੀਆਂ ਦਾ ਵੀ ਬੀਮਾ ਹੋਣ ਲੱਗ ਪਿਆ ਏ?

ਏਜੰਟ : ਅੱਜ ਦੀ ਦੁਨੀਆ ਵਿਚ ਕਿਸ ਚੀਜ਼ ਦਾ ਬੀਮਾ ਨਹੀਂ, ਨੱਕ ਦਾ ਬੀਮਾ, ਕੰਨ ਦਾ ਬੀਮਾ, ਲੱਤ ਦਾ ਬੀਮਾ, ਅੱਖ ਦਾ ਬੀਮਾ ਤੇ ਬਾਲੀਵੁੱਡ ਦੀਆਂ ਐਕਟਰਸਾਂ ਤਾਂ ਹੁਣ ਆਪਣੀ ਖ਼ੂਬਸੂਰਤੀ ਦਾ ਬੀਮਾ ਵੀ ਕਰਵਾਉਣ ਲੱਗ ਪਈਆਂ ਨੇ।

ਦੋਸਤ : ਖ਼ੂਬਸੂਰਤੀ ਦਾ ਬੀਮਾ ? ਦੇਖੋ ਭਾਈ ਸਾਹਿਬ ਬੇਸ਼ਰਮੀ ਕਿੱਥੇ ਪੁੱਜ ਗਈ ਏ–

ਪਤੀ : ਕੋਠੇ ਚੜ੍ਹ ਗਈ ਕੇ।

ਏਜੰਟ : ਇਹ ਥੱਲੇ ਆ ਸਕਦੀ ਏ।

ਦੋਸਤ : ਕਿਸ ਤਰ੍ਹਾਂ ?

ਏਜੰਟ : ਬੀਮਾ ਕਰਵਾ ਲਵੋ।

ਪਤੀ : ਤੇ ਭਾਈ ਸਾਹਿਬ ਤੁਹਾਡੇ ਕੋਲੋਂ ਇਕ ਸਵਾਲ ਪੁੱਛਾਂ ?

ਏਜੰਟ : ਇਕ ਕੀ ? ਦਸ ਪੁੱਛੋ... ਬੰਦਾ ਹਾਜ਼ਰ ਹੀ ਇਸ ਲਈ ਹੋਇਆ ਏ ਕਿ ਤੁਸੀਂ ਸਵਾਲ ਪੁੱਛੋ ਤੇ ਬੰਦਾ ਜਵਾਬ ਦੇਵੇ... ਬੰਦੇ ਦਾ ਪੇਸ਼ਾ ਇਹੀ ਏ...

ਪਤੀ : ਬੀਮਾ ਏਜੰਟ ਬਣਨ ਤੋਂ ਪਹਿਲਾਂ ਤੁਸੀਂ ਕਿਧਰੇ ਸੜਕਾਂ 'ਤੇ ਮੱਜਮਾਂ ਤਾਂ ਨਹੀਂ ਸੀ ਲਾਉਂਦੇ ?

ਏਜੰਟ : ਪਾਪੀ ਪੇਟ ਲਈ ਬੜੇ ਬੜੇ ਪਾਪੜ ਵੇਲਣੇ ਪੈਂਦੇ ਨੇ।

ਪਤੀ : ਪਰ ਇਸ ਘਰ ਵਿਚ ਕੋਈ ਪਾਪੜ ਵੇਲਣ ਵਾਲਾ ਨਹੀਂ... ਮੈਂ ਸਾਰੇ ਆਪ ਹੀ ਵੇਲੇ ਹੋਏਨੇ... ਕ੍ਰਿਪਾ ਕਰਕੇ ਤਸ਼ਰੀਫ ਲੈ ਜਾਓ।

ਏਜੰਟ : ਯਾਨੀ ਕਿ ਮੈਂ ਜਾਵਾਂ ?

ਪਤੀ : ਮੈਂ ਕੋਈ ਫਾਰਸੀ ਤਾਂ ਨਹੀਂ ਬੋਲ ਰਿਹਾ ?

ਏਜੰਟ : ਤੁਹਾਡਾ ਮਤਲਬ ਏ ਕਿ ਮੈਂ ਵਾਕਈ ਜਾਵਾਂ ?

ਪਤੀ : ਨਹੀਂ ਤੁਸੀਂ ਬੈਠੋ... ਮੈਂ ਚਲੇ ਜਾਂਦਾ ਹਾਂ। (ਏਜੰਟ ਫੇਰ ਕੁਰਸੀ 'ਤੇ

ਬੈਠ ਜਾਂਦਾ ਹੈ) ਹੈ ਢੀਠ, ਮੈਂ ਆਖਿਆ ਭਾਈ ਸਾਹਿਬ ਦਫਾ ਹੋ ਜਾਵੋ... ..

*(ਏਜੰਟਜਾਂਦਾ ਹੈ... ਪਰ ਨਾਲ ਨਾਲ ਢੀਠਾਂ ਵਾਕੁਣ ਬੋਲੀ ਜਾਂਦਾ ਹੈ...ਮੁਰਗੀ ਇਕ ਐਸਾ ਜਾਨਵਰ ਹੈ... ਦੋਸਤ ਉਹਦੇ ਮੂੰਹ 'ਤੇ ਹੱਥ ਰੱਖਦਾ ਹੈ... ਪਰ ਉਹ ਆਪਣੀ ਢੀਠਤਾਈ ਕਾਇਮ ਰੱਖਦਾ ਹੈ... ਇਸ ਤਰ੍ਹਾਂਹੀ ਉਹ ਬਾਹਰ ਚਲਾ ਜਾਂਦਾ ਹੈ।)*

ਪਤੀ : ਜਿਸ ਸਾਲੇ ਨੂੰ ਕੋਈ ਕੰਮ ਨਹੀਂ ਮਿਲਦਾ, ਉਹ ਏਜੰਟ ਬਣ ਜਾਂਦਾ ਏ।

ਏਜੰਟ : (ਫੇਰ ਆਉਂਦੇ ਹੋਏ) ਤੁਸੀਂ ਮੈਨੂੰ ਸਾਲਾ ਆਖਿਆ, ਯਾਨੀ ਆਪਣੇ ਬੱਚਿਆਂ ਦਾ ਮਾਮਾ... ਫੇਰ ਤਾਂ ਇਹ ਘਰ ਹੀ ਆਪਣਾ ਹੋਇਆ। (ਆ ਕੇ ਬੈਠ ਜਾਂਦਾ ਹੈ।)

ਪਤੀ : ਇਹ ਭਾਈ ਸਾਹਿਬ, ਸਾਲਾ ਆਖਣਾ ਮੇਰਾ ਤਕੀਆ ਕਲਾਮ ਏ। ਮੈਂ ਦਿਹਾੜੀ ਵਿਚ ਸੌ ਬੰਦਿਆਂ ਨੂੰ ਸਾਲਾ ਆਖਦਾ ਹਾਂ... ਪਰ ਇਹ ਦਾ ਇਹ ਮਤਲਬ ਨਹੀਂ ਕਿ ਸਾਰੇ ਮੇਰੇ ਬੱਚਿਆਂ ਦੇ ਮਾਮੇ ਬਣਕੇ ਮੇਰੇ ਸਿਰ 'ਤੇ ਬਹਿ ਜਾਣ।

ਏਜੰਟ : ਨਹੀਂ ਭਾਈ ਸਾਹਿਬ ਜਿਹੜੇ ਆਪਦੇ ਹੋਣ, ਉਹ ਹੀ ਬਹਿੰਦੇ ਨੇ... ਦੂਜਿਆਂਨੇ ਬਹਿ ਕੇ ਛਿੱਤਰ ਖਾਣੇ ਨੇ।

ਪਤੀ : ਚੰਗਾ ਹੋਵੇ ਕਿ ਤੁਸੀਂ ਛਿੱਤਰਾਂ ਦੀ ਨੌਬਤ ਨਾ ਹੀ ਆਉਣ ਦੇਵੋ...

*(ਦੋਸਤ ਏਜੰਟ ਨੂੰ ਫੇਰ ਜ਼ਬਰਦਸਤੀ ਲੈ ਕੇ ਜਾਂਦਾ ਹੈ।ਉਹ ਢੀਠਾਂ ਵਾਂਗ ਫੇਰ ਵੀ ਬੋਲੀ ਜਾਂਦਾ ਹੈ।ਮੁਰਗੀ ਇਕ ਐਸਾ ਜਾਨਵਰ ਏ... ਦੋਸਤ ਬਾਹਰ ਉਹਨੂੰ ਛੱਡ ਕੇ ਆਪ ਅੰਦਰ ਆਉਂਦਾ ਹੈ।)*

ਦੋਸਤ : ਮੈਂ ਸੋਚਿਆ ਸੀ, ਕੋਈ ਸ਼ਤਰੰਜ ਦੀ ਬਾਜ਼ੀ ਲਾਵਾਂਗੇ... ਪਰ... ?

ਪਤੀ : ਹੁਣ ਸ਼ਤਰੰਜ ਦੀ ਕੋਈ ਕਸਰ ਰਹਿ ਗਈ ਏ।

ਦੋਸਤ : ਅੱਛਾ ਫੇਰ ਸ਼ਾਮ ਨੂੰ ਸਹੀ।

*(ਜਾਂਦਾ ਹੈ)*

ਪਤੀ : (ਦੋਸਤ ਦੇ ਜਾਣ ਦੇ ਬਾਅਦ)... ਆ ਜਾਂਦੇ ਨੇ ਲੋਕਾਂ ਦਾ ਸਿਰ ਖਾਣ... ਪਹਿਲਾਂ ਉਹ ਭਾਈ ਸਾਹਿਬ ਆ ਗਏ ਕਿ ਸਾਡੀਆਂ ਮੁਰਗੀਆਂ ਪਾ ਪਾ ਦਾ ਅੰਡਾ ਦੇਂਦੀਆਂ ਸਨ। ਕੋਈ ਗੱਪ ਵੀ ਛੋਟੀ ਜਿਹੀ ਨਹੀਂ ਮਾਰਦਾ-ਤੇ ਫੇਰ ਉਹ ਭਾਈ ਸਾਹਿਬ ਆ ਗਏ ਕਿ ਆਪਣੀਆਂ ਮੁਰਗੀਆਂ ਦਾ ਬੀਮਾ ਕਰਵਾ ਲੋ-ਮੇਰਾ ਵੱਸ ਚੱਲੇ ਤਾਂ ਸਾਰਿਆਂ ਨੂੰ ਕਤਾਰ ਵਿਚ ਖੜਾ ਕਰਕੇ ਗੋਲੀ ਮਾਰ ਦਿਆਂ।

*(ਪਤਨੀ ਆਉਂਦੀ ਏ।)*

ਪਤਨੀ : ਹਾਏ ਹਾਏ ਕਿਹਨੂੰ ਗੋਲੀ ਮਾਰਦੇ ਪਏ ਹੋ।

ਪਤੀ : ਹੈ ਸੀ ਤੇਰਾ ਇਕ ਭਰਾ।

ਪਤਨੀ : (ਲੜਦੇ ਹੋਏ) ਹਾਏ ਹਾਏ ਸੁੱਖ ਨਾਲ ਮੇਰੇ ਭਰਾ ਨੂੰ ਕਿਉਂ ਗੋਲੀ ਮਾਰੋ–ਉਹਨੇ ਤੁਹਾਡਾ ਕੀ ਵਿਗਾੜਿਆ ਏ ? ਜੇ ਗੋਲੀ ਮਾਰਨੀ ਏ ਤੇ ਆਪਣੇ ਸੱਤਾਂ ਵਿਚੋਂ ਇਕ ਨੂੰ ਮਾਰੋ। ਕਿਸ ਤਰ੍ਹਾਂ ਸੀਂਹ ਵਾਂਗ ਪਲੇ ਹੋਏ ਨੇ।

ਪਤੀ : ਗੱਲ ਤਾਂ ਸੁਣ।

ਪਤਨੀ : ਲੈ ਗੱਲ ਕੀ ਸੁਣਾ–ਤੁਸੀਂ ਹੁੰਦੇ ਕੌਣ ਹੋ ਮੇਰੇ ਭਰਾ ਨੂੰ ਗੋਲੀ ਮਾਰਨ ਵਾਲੇ।

ਪਤੀ : ਮੇਰੀ ਗੱਲ ਤਾਂ ਸੁਣ, ਉਹ ਤੇਰਾ ਦਿੱਲੀ ਵਾਲਾ ਭਰਾ ਨਹੀਂ ਸੀ।

ਪਤਨੀ : ਤੇ ਹੋਰ ਕੌਣ ਸੀ ?

ਪਤੀ : ਹੈ ਸੀ ਇਕ ਬੀਮਾ ਏਜੰਟ, ਜੋ ਬਦੋਬਦੀ ਤੇਰਾ ਭਰਾ ਬਣ ਰਿਹਾ ਸੀ।

ਪਤਨੀ : ਇੰਝ ਕਵੋ ਨਾ–

ਪਤੀ : ਤੂੰ ਸੁਣੇ ਵੀ–ਆਉਂਦਿਆਂ ਹੀ ਚਾਬੀ ਲੱਗੇ ਜਪਾਨੀ ਖਿਡੌਣੇ ਵਾਂਗ ਚਾਲੂ ਹੋ ਗਈ।

ਪਤਨੀ : ਮੈਂ ਵੀ ਆਖਾਂ ਮੇਰਾ ਭਰਾ ਏਹਨਾਂ ਦੀਆਂ ਸੌ ਸੌ ਖਾਤਰਾਂ ਕਰੇ–ਤੇ ਇਹ ਉਹਨੂੰ ਗੋਲੀ ਮਾਰਨ।

ਪਤੀ : ਲੈ ਮੈਨੂੰ ਨਹੀਂ ਪਤਾ ਭਲਾ, ਪਰ ਜੇ ਕੋਈ ਬਦੋਬਦੀ ਆਖੇ ਮੈਂ ਤੁਹਾਡਾ ਸਾਲਾ ਹਾਂ ਤਾਂ ਅਗਲਾ ਕੀ ਕਰੇ ?

ਪਤਨੀ : ਅੱਛਾ ਛੱਡੋ ਇਹਨਾਂ ਗੱਲਾਂ ਨੂੰ–ਤੇ ਆਓ ਆ ਕੇ ਰੋਟੀ ਖਾਓ।

ਪਤੀ : ਇਥੇ ਮਰਨ ਦੀ ਵਿਹਲ ਨਹੀਂ– ਤੇ ਤੂੰ ਰੋਟੀ ਵਿਚ ਲਿਆ ਕੇ ਵਾੜ ਦਿੱਤੀ ਏ।–ਬਹਿ ਜਾ ਤੈਨੂੰ ਹੁਣ ਆਪਣੀ ਪਲੈਨਿੰਗ ਦੱਸੀਏ–ਇਕ ਹੋਵੇਗੀ ਚਾਰ ਦੀਵਾਰੀ... ਵਿਚ ਬਣੇਗਾ ਵੱਡਾ ਸਾਰਾ ਹਾਲ ਕਮਰਾ... ਉਹਦੇ ਵਿਚ ਹੋਣਗੇ ਦੋ ਕਮਰੇ।

ਪਤਨੀ : ਅੱਛਾ ਦੋ ਕਮਰੇ ਹੋਣਗੇ ? ਇਕ ਵਿਚ ਖੇਡੇਗਾ ਮੇਰਾ ਭੋਲਾ।

ਪਤੀ : ਤੇ ਦੂਜੇ ਵਿਚ ਖੇਡੇਗੀ ਭੋਲੇ ਦੀ ਮਾਂ। ਵਿਚੋਂ ਬੋਲ ਪੈਂਦੀ ਏ। ਇਹਨਾਂ ਦੋ ਕਮਰਿਆਂ ਵਿਚੋਂ ਇਕ ਵਿਚ ਰਹਿਣਗੀਆਂ ਵਲੈਤੀ ਮੁਰਗੀਆਂ। ਤੇ ਇਕ ਵਿਚ ਰਹਿਣਗੀਆਂ ਦੇਸੀ ਮੁਰਗੀਆਂ।

ਪਤਨੀ : ਨਾ ਇਹ ਔਤਰੀਆਂ ਇਕੱਠੀਆਂ ਨਹੀਂ ਰਹਿ ਸਕਦੀਆਂ।

ਪਤੀ : ਇਕ ਮੁਹੱਲੇ ਦੀਆਂ ਦੋ ਔਰਤਾਂ ਇਕੱਠੀਆਂ ਨਹੀਂ ਰਹਿ ਸਕਦੀਆਂ, ਇਹ ਤਾਂ ਮੁਰਗੀਆਂ ਨੇ। ਵਲੈਤੀ ਮੁਰਗੀਆਂ ਹੋਣਗੀਆਂ ਅੰਡੇ ਦੇਣ

ਲਏ ਅਤੇ ਦੇਸੀ ਨਸਲ ਹੋਵੇਗੀ ਬੱਚੇ ਪੈਦਾ ਕਰਨ ਲਈ।

ਪਤਨੀ : ਤਾਂ ਤੁਹਾਡਾ ਕੀ ਮਤਲਬ ਏ, ਦੇਸੀ ਨਸਲ ਬੱਚੇ ਪੈਦਾ ਕਰਨ ਵਿਚ ਬੜੀ ਹੁਸ਼ਿਆਰ ਏ।

ਪਤੀ : ਇਹੋ ਹੀ ਸਾਡੇ ਦੇਸ਼ ਦੀ ਬਸਕਿਸਮਤੀ ਏ... ਇਥੇ ਅਨਾਜ਼ ਥੋੜਾ ਪੈਦਾ ਹੁੰਦਾ ਏ...ਤੇ ਕੁਰਬਲ ਪ੍ਰੋਗਰਾਮ ਬਹੁਤਾ...।ਕਿਸੇ ਵੇਲੇ ਸਾਡਾ ਦੇਸ਼ ਸੋਨੇ ਦੀ ਚਿੜੀ ਹੁੰਦਾ ਸੀ।

ਪਤਨੀ : ਇਹ ਮੁਰਗੀਆਂ ਵਿਚ ਚਿੱੜੀ ਕਿਥੋਂ ਆ ਫਸੀ ?

ਪਤੀ : ਹਾਂ ਇਹ ਮੁਰਗੀਆਂ ਵਿਚ ਚਿੱੜੀ ਕਿਥੋਂ ਆ ਵੜੀ...ਤੇ ਇਹ ਹੋਣਗੇ ਦੋ ਕਮਰੇ ਤੇ ਵਿਚ ਹੋਏਗਾ ਬੂਹਾ... ਬੂਹਾ... ਲੈ ਯਾਦ ਆਇਆ– ਕੀ ਤੂੰ ਮੁਰਗੀਆਂ ਦੇ ਖੁੱਡੇ ਦਾ ਬੂਹਾ ਬੰਦ ਕੀਤਾ ਸੀ ?

ਪਤਨੀ : ਮੈਨੂੰ ਨਹੀਂ ਇਹਨਾਂ ਕੁੱਤੇ ਕੰਮਾਂ ਦੀ ਵਿਹਲ ?

ਪਤੀ : ਇਹ ਕੁੱਤੇ ਕੰਮ ਨੇ...

*(ਗੁੱਸੇ ਨਾਲ ਜਾਂਦਾ ਹੈ... ਗੁੰਮ ਸੁੰਮ ਹੈ)*

ਪਤਨੀ : ਕੀ ਹੋਇਆ ਚੰਗੇ ਭਲੇ ਸੀ... ਬੜੀ ਭੈੜੀ ਬੂਥੀ ਲੈ ਕੇ ਆਏ ਹੋ ?

ਪਤੀ : ਮੁਰਗੀਆਂ...ਚੂਚੇ...ਬਿੱਲੀ...ਮੇਰੇ ਸਾਰੇ ਚੂਚੇ ਬਿੱਲੀ ਖਾ ਗਈ ਏ... ਮੇਰਾ ਕੋਈ ਨਿੱਕਾ ਜਿਹਾ ਕੰਮ ਨਹੀਂ ਕਰ ਸਕਦਾ...ਮੈਂ ਨਹੀਂ ਰਹਿਣਾ ਹੁਣ ਇਯ ਘਰ ਵਿਚ... ਹੁਣ ਜੀਣ ਦਾ ਕੋਈ ਫਾਇਦਾ ਨਹੀਂ... ਲਿਆ ਮੇਰਾ ਕੋਟ ਮੈਂ ਹੁਣ ਮਰਨ ਜਾਣਾ ਏ।

ਪਤਨੀ : ਸੁੱਖੀ ਸਾਂਦੀ ਤੁਸੀਂ ਕਿਉਂ ਮਰੋ... ਮਰਨ ਤੁਹਾਡੇ ਦੁਸ਼ਮਣ।

ਪਤੀ : ਦੁਸ਼ਮਣ ਕਿਉਂ ਮਰਨ...ਨੁਕਸਾਨ ਮੇਰਾ ਹੋਇਆ ਏ...ਮੈਂ ਮਰਾਂਗਾ... ਲਿਆ ਮੇਰਾ ਕੋਟ।

*(ਬਾਹਰ ਜਾਣ ਲੱਗਦਾ ਹੈ ਤਾਂ ਅੱਗੋਂ ਬੀਮਾਂ ਏਜੰਟ ਟੱਕਰਦਾ ਹੈ।)*

ਏਜੰਟ : ਤੁਸੀਂ ਮਰਨ ਜਾ ਰਹੇ ਹੋ ? ਵਾਕਈ ਮਰਨ ਜਾ ਰਹੇ ਹੋ ? ਤਾਂ ਆਪਣੇ ਬੱਚਿਆਂ ਦੇ ਭਵਿੱਖ ਲਈ ਬੀਮਾਂ ਕਰਵਾ ਲਵੋ।

ਪਤੀ : ਤੁਸੀਂ ਭਾਈ ਸਾਹਿਬ ਹਾਲੀ ਇਥੇ ਹੀ ਸੋ ?

ਏਜੰਟ : ਅਸੀਂ ਕਿਥੇ ਜਾਣਾ ਸੀ ਅਸਾਮੀ ਛੱਡਦੇ ਹਾਂ ? ਲਿਆਓ ਭੈਣ ਜੀ ਕਾਗਜ਼ ਤੇ ਲਿਖਵਾਓ ਨਾਂ।

ਪਤਨੀ : ਚੁੱਪ ਕਰ ਜਾ ਉਹ ਭੈਣ ਜੀ ਦੇ ਭਰਾਵਾ... (ਪਤੀ ਨੂੰ) ਇਹ ਕੌਣ ਏ?

ਪਤੀ : ਇਹੋ ਹੀ ਤੇਰਾ ਬਦੋਬਦੀ ਬਣਿਆ ਭਰਾ।

ਪਤਨੀ : ਅੱਛਾ ਇਹੋ ਹੀ ਸਾਡੇ ਘਰ ਅੱਗ ਲਾਉਣ ਵਾਲਾ, ਭੈਣ ਜੀ ਵੇਖੇ ਨੈ–ਭੈਣ ਜੀ ਦੇ ਹੁਣ ਹੱਥ ਵੀ ਵੇਖ ਲੈ।

*(ਸੈਂਡਲ ਲਾਹ ਲੈਂਦੀ ਹੈ)*

ਏਜੰਟ : ਭੈਣ ਜੀ... ਤੁਸੀਂ ਸਰਦਾਰ ਜੀ ਬਚਾਓ।

ਪਤੀ : ਸਰਦਾਰ ਜੀ ਕੀ ਬਚਾਉਣ, ਸਰਦਾਰ ਜੀ ਨਾਲ ਤਾਂ ਰੋਜ਼ ਹੁੰਦੀ ਏ।

*(ਏਜੰਟ ਅੱਗੇ ਅੱਗੇ ਹੈ ਪਤਨੀ ਪਿੱਛੇ ਪਿੱਛੇ ਬਾਹਰ ਨਿਕਲ ਜਾਂਦਾ ਹੈ।)*

ਪਤੀ : ਹੂੰ ਆਇਆ ਸੀ ਸਾਨੂੰ ਮਰਨ ਦੀ ਸਲਾਹ ਦੇਣ ਲਈ। ਲੋਕਾਂ ਦੀਆਂ ਅੱਠ ਅੱਠ ਪਲਾਨਾ ਫੇਲ ਹੋ ਗਈਆਂ। ਕਿਸੇ ਭੜਵੇ ਨੇ ਮਰਨ ਲਈ ਨਹੀਂ ਕਿਹਾ। ਸਭ ਉਸੇ ਤਰ੍ਹਾਂ ਗੱਦੀ 'ਤੇ ਬੈਠੇ ਨੇ ਸਾਡੀ ਇਕ ਪਲਾਨ ਫੇਲ ਹੋ ਗਈ ਏ... ਤੇ ਆ ਗਏ ਨੇ ਮਾਰਨ ਵਾਲੇ... ਅਸੀਂ ਵੀ ਨਹੀਂ ਮਰਾਂਗੇ। ਭੋਲੇ ਦੀ ਬੀਬੀ... ਲਿਆ ਸਾਡੀ ਪੈਨਸਲ ਤੇ ਲਾਲ ਵਾਲਾ ਫੁੱਟਾ ਅਸੀਂ ਇਕ ਪਲਾਨਿੰਗ ਹੋਰ ਕਰਾਂਗੇ।

*(ਇਕ ਵਿਸ਼ੇਸ਼ ਮੁੱਦਰਾ ਵਿਚ ਫਰੀਜ਼ ਹੁੰਦਾ ਹੈ ਤੇ ਨਾਟਕ ਸਮਾਪਤ ਹੁੰਦਾ ਹੈ।)*